## ਪਾਠ – 4
## ਦੇਸ ਪੰਜਾਬ (ਲੇਖਕ – ਸ੍ਰੀ ਫ਼ੀਰੋਜ਼ਦੀਨ ਸ਼ਰਫ਼)

### 1. ਪ੍ਰਸ਼ਨ/ ਉੱਤਰ





**ਪ੍ਰਸ਼ਨ ੳ. ਕਵੀ ਨੇ ਪੰਜਾਬ ਦੇ ਸੁਹੱਪਣ ਦੀ ਤੁਲਨਾ ਕਿਸ ਫੁੱਲ ਨਾਲ਼ ਕੀਤੀ ਹੈ?**
ਉੱਤਰ : ਗੁਲਾਬ ਦੇ ਫੁੱਲ ਨਾਲ਼।
**ਪ੍ਰਸ਼ਨ ਅ. ਕਵੀਂ ਨੇ ਪੀਂਘਾਂ ਝੂਟਦੀਆਂ ਕੁੜੀਆਂ ਦੀ ਸਿਫ਼ਤ ਕੀ ਕਹਿ ਕੇ ਕੀਤੀ ਹੈ?**
ਉੱਤਰ : ਨਾਗਰ ਵੇਲਾਂ।
**ਪ੍ਰਸ਼ਨ ੲ. ਤ੍ਰਿੰਞਣ ਵਿੱਚ ਬੈਠ ਕੇ ਕੁੜੀਆਂ ਕੀ ਕਰਦੀਆਂ ਹਨ?**
ਉੱਤਰ : ਤ੍ਰਿੰਞਣ ਵਿੱਚ ਬੈਠ ਕੇ ਕੁੜੀਆਂ ਚਰਖਾ ਕੱਤਦੀਆਂ ਹਨ।
**ਪ੍ਰਸ਼ਨ ਸ. 'ਦੇਸ ਪੰਜਾਬ' ਕਵਿਤਾ ਅਨੁਸਾਰ ਪੰਜਾਬਣਾਂ ਦੇ ਪਹਿਰਾਵੇ ਬਾਰੇ ਦੱਸੋ।**
ਉੱਤਰ : ਇਸ ਕਵਿਤਾ ਅਨੁਸਾਰ ਪੰਜਾਬਣਾਂ ਹੀਰਿਆਂ-ਮੋਤੀਆਂ ਜੜੇ ਹਾਰ ਤੇ ਹਮੇਲਾਂ ਪਹਿਨਦੀਆਂ ਹਨ।
**ਪ੍ਰਸ਼ਨ ਹ. 'ਦੇਸ ਪੰਜਾਬ' ਕਵਿਤਾ ਵਿੱਚ ਆਏ ਦਰਿਆਵਾਂ ਦੇ ਨਾਂ ਲਿਖੋ।**
ਉੱਤਰ : ਸਤਲੁਜ, ਰਾਵੀ, ਜਿਹਲਮ, ਚਨਾਬ ਅਤੇ ਅਟਕ।

### 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਨਾਗਰ | : | ਉੱਤਮ, ਸੁੰਦਰ, ਨਿਪੁੰਨ, ਚਤਰ |
| ਹਮੇਲ | : | ਔਰਤ ਦੇ ਗਲ਼ 'ਚ ਪਾਏ ਜਾਣ ਵਾਲੇ ਇੱਕ ਗਹਿਣੇ ਦੀ ਕਿਸਮ |
| ਮਤਾਬ | : | ਚੰਨ, ਚੰਦਰਮਾ |
| ਉਨਾਬ | : | ਇੱਕ ਰੁੱਖ ਜਾਂ ਉਸ ਦੇ ਬੇਰ ਵਰਗਾ ਫ਼ਲ, ਉਨਾਬੀ ਰੰਗ ਵਰਗਾ ਕਾਲ਼ੀ ਭਾਅ ਮਾਰਦਾ ਲਾਲ ਰੰਗ |
| ਤ੍ਰਿੰਞਣ | : | ਕੱਤਣ ਵਾਸਤੇ ਇਕੱਠੀਆਂ ਹੋਈਆਂ ਕੁੜੀਆਂ ਦੀ ਇਕੱਠ |
| ਨਾਜ਼ਕ | : | ਕੋਮਲ, ਮੁਲਾਇਮ, ਮਲੂਕ |
| ਤਰੱਕਲਾ | : | ਚਰਖੇ ਦੀ ਲੰਮੀ ਸੀਖ |
| ਠੁਮਕ-ਠੁਮਕ | : | ਨਖਰੇ ਨਾਲ਼ ਤੁਰਨਾ |